ਵਲੋਂ

ਕੰਨਵੀਨਰ ਮੇਨਟੀਨੈਂਸ ਕਮੇਟੀ,
ਬਾਰਾਂਦਰੀ ਗਾਰਡਨ
ਪਟਿਆਲਾ -ਕਮ-
ਉਪ ਡਾਇਰੈਕਟਰ ਬਾਗਬਾਨੀ,
ਪਟਿਆਲਾ

ਸੇਵਾ ਵਿਖੇ

ਡਾਇਰੈਕਟਰ,
ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ(ਇਸ਼ਤਿਹਾਰ ਸ਼ਾਖਾ)
ਚੰਡੀਗੜ੍ਹ।

ਪੱਤਰ ਨੰ: 2889 ਮਿਤੀ 11-08-2025

ਵਿਸ਼ਾ: ਟੈਂਡਰ ਨੋਟਿਸ ਨੰ: 01 ਮਿਤੀ 08/08/2025

ਆਪ ਜੀ ਨੂੰ ਇਸ ਪੱਤਰ ਨਾਲ ਉਕਤ ਟੈਂਡਰ ਨੋਟਿਸ ਦੀਆਂ 2 ਕਾਪੀਆਂ ਅਖਬਾਰਾਂ ਵਿਚ ਛਾਪਣ ਲਈ ਭੇਜੀਆਂ ਜਾਂਦੀਆਂ ਹਨ। ਇਹ ਟੈਂਡਰ ਬਾਰਾਂਦਰੀ ਬਾਗ ਪਟਿਆਲਾ ਅਧੀਨ ਝੂਲਿਆਂ ਨੂੰ ਲੀਜ਼/ਰੈਂਟ ਤੇ ਦੇਣ ਸਬੰਧੀ ਹੈ।ਬੇਨਤੀ ਹੈ ਕਿ ਇਸ ਨੋਟਿਸ ਨੂੰ ਜਲਦੀ ਹੀ 2 ਨੰ: ਅਗਾਂਹਵਧੂ ਅਖਬਾਰਾਂ ਵਿਚ ਦਿੱਤਾ ਜਾਵੇ ਜੀ ।

ਇਹ ਟੈਂਡਰ ਨੋਟਿਸ ਸਿੰਗਲ ਕਾਲਮ ਚੌੜਾਈ ਅਤੇ ਟਾਈਪ ਬੀ ਸਿੰਗਲ ਸਪੈਲਿੰਗ ਵਿਚ ਦਿਖਣਾ ਚਾਹੀਦਾ ਹੈ ਅਤੇ ਇਸ ਦਾ ਬਿੱਲ ਇਸ ਦਫਤਰ ਨੂੰ ਭੇਜਿਆ ਜਾਵੇ ਜੀ। ਇਸ ਦਫਤਰ ਦੀ ਈ-ਮੇਲ ddhpatiala@gmail.com ਹੈ।

ਨੱਥੀ /ਟੈਂਡਰ ਨੋਟਿਸ

ਕੰਨਵੀਨਰ ਮੇਨਟੀਨੈਂਸ ਕਮੇਟੀ,
ਬਾਰਾਂਦਰੀ ਗਾਰਡਨ
ਪਟਿਆਲਾ -ਕਮ-
ਉਪ ਡਾਇਰੈਕਟਰ ਬਾਗਬਾਨੀ,
ਪਟਿਆਲਾ

ਪਿੱਠ ਅੰਕਣ ਨੰ: ਮਿਤੀ
ਉਪਰੋਕਤ ਦਾ ਇੱਕ ਉਤਾਰਾ
1 ਚੇਅਰਮੈਨ ਮੇਨਟੀਨੈਸ ਕਮੇਟੀ, ਬਾਰਾਂਦਰੀ ਗਾਰਡਨ-ਕਮ-ਡਿਪਟੀ ਕਮਿਸ਼ਨਰ ਪਟਿਆਲਾ ਜੀ,
2 ਜਿਲ੍ਹਾਂ ਲੋਕ ਸੰਪਰਕ ਅਫਸਰ, ਪਟਿਆਲਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਕੰਨਵੀਨਰ ਮੇਨਟੀਨੈਂਸ ਕਮੇਟੀ,
ਬਾਰਾਂਦਰੀ ਗਾਰਡਨ
ਪਟਿਆਲਾ -ਕਮ-
ਉਪ ਡਾਇਰੈਕਟਰ ਬਾਗਬਾਨੀ,
ਪਟਿਆਲਾ

Scanned with OKEN Scanner

SUBMITTING INFORMATION TO DPROs
(ANNEXURE-1)

| | | |
|---|---|---|
| 1 | Name of Department | Horticulture Punjab |
| 2 | Name of Office | Deputy Director Horticulture Patiala |
| 3 | Name and Designation of Nodal Officer | Sh Sandeep Singh Grewal<br>Deputy Director Horticulture , Patiala |
| 4 | Contact No of Nodal Officer | 75080-18924 |
| 5 | Email Id of the Officer | ddhpatiala@gmail.com |
| 6 | Website of Department | **https://baradarigardenspatiala.in** |
| 7 | Tender No | **01 Dated 08/08/2025** |
| 8 | Name of Tender | **Tender for Lease of Swings for two years at Baradari Garden Patiala** |
| 9 | Opening Date of Bid Submission | **12/08/2025** |
| 10 | Closing Date of Bid Submission | **26/08/2025** |
| 11 | Amount of EMD (in Rs) | **2 lacs** |
| 12 | Remarks | -- |

ਪਿੱਠ ਅੰਕਣ ਨੰ: 2893 ਮਿਤੀ 11-08-2025

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ (ਇਸ਼ਤਿਹਾਰ ਸ਼ਾਖਾ) ਚੰਡੀਗੜ੍ਹ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਕੰਨਵੀਨਰ ਮੇਨਟੀਨੈਂਸ ਕਮੇਟੀ,
ਬਾਰਾਂਦਰੀ ਗਾਰਡਨ
ਪਟਿਆਲਾ -ਕਮ-
ਉਪ ਡਾਇਰੈਕਟਰ ਬਾਗਬਾਨੀ,
ਪਟਿਆਲਾ

Scanned with OKEN Scanner

# **Bid Notice**

Sealed Quotations are invited for giving on rent Amusement Park (Jhulle) in Baradari Garden, Patiala, latest by 26-08-2025 (12-00 P.M) The Sealed Quotation must be accompanied by a Bank draft of Rs. 2 Lakh only as refundable security. For more information and conditions, contact Convener-cum-Deputy Director Horticulture Maintenance Committee, Baradari Garden, Patiala on any working day.

Contact Nos . 75080-18924

7986415237

75087 18921

Convener

Baradari Maintenance Committee-cum-
Deputy Director Horticulture,
Patiala.

Scanned with OKEN Scanner

# ਬਿਡ ਨੋਟਿਸ

ਮਿਤੀ 26-08-2025 ਨੂੰ ਦੁਪਿਹਰ 12:00 ਵਜੇ ਤੱਕ ਬਾਰਾਂਦਰੀ ਗਾਰਡਨ, ਪਟਿਆਲਾ ਵਿੱਚ ਐਮਿਊਜ਼ਮੈਂਟ ਪਾਰਕ (ਝੂਲਿਆਂ) ਲਈ ਜਗ੍ਹਾਂ ਕਿਰਾਏ 'ਤੇ ਦੇਣ ਲਈ ਸੀਲਬੰਦ ਕੁਟੇਸ਼ਨਾਂ ਮੰਗੀਆਂ ਜਾਂਦੀਆਂ ਹਨ। ਸੀਲ ਬੰਦ ਬਿੱਡ ਦੇ ਨਾਲ 2 ਲੱਖ ਰੁਪਏ ਦਾ ਬੈਂਕ ਡਰਾਫਟ ਕਨਵੀਨਰ ਕਮ- ਡਿਪਟੀ ਡਾਇਰੈਕਟਰ ਬਾਗਬਾਨੀ ਦੇ ਨਾਮ ਲਗਾਇਆ ਜਾਵੇ(ਮੋੜਨਯੋਗ)। ਵਧੇਰੇ ਜਾਣਕਾਰੀ ਅਤੇ ਸ਼ਰਤਾਂ ਲਈ ਡਿਪਟੀ ਡਾਇਰੈਕਟਰ ਬਾਗਬਾਨੀ ਸਕਿਉਰਿਟੀ ਵੱਜੋਂ ਮੇਨਟੇਨੈਂਸ ਕਮੇਟੀ ਕਨਵੀਨਰ ਕਮ-ਬਾਰਾਂਦਰੀ ਗਾਰਡਨ, ਪਟਿਆਲਾ ਨਾਲ ਕਿਸੇ ਵੀ ਕੰਮ ਵਾਲੇ ਦਿਨ ਸੰਪਰਕ ਕੀਤਾ ਜਾਵੇ।

ਸੰਪਰਕ ਨੰਬਰ 75080-18924
79864-15237
75087-18921

ਕਨਵੀਨਰ (signature)
ਬਾਰਾਂਦਰੀ ਬਾਗ ਮੇਨਟੀਨੈਂਸ ਕਮੇਟੀ-ਕਮ-
ਡਿਪਟੀ ਡਾਇਰੈਕਟਰ ਬਾਗਬਾਨੀ
ਪਟਿਆਲਾ।

Scanned with OKEN Scanner

# BARADARI GARDEN, PATIALA
# TENDER FORM

Sealed tender are invited from registered/approved/reputed firms/ Individual contractors having experience of minimum two year's by Convener Maintenance Committee -cum- Deputy Director Horticulture, Baradari Garden, Patiala for Renting of Space for Jhulle (Amusement park).

These forms can be obtained from the concerned institution at the cost of Rs. 1000/- in cash. The last date of sale of tender document is ........................... up to 12-00 Noon. Detailed terms and conditions are attached with the tender form. Tender form duly filled in all respect subscribed **Tender for renting of space for Jhulle at Barandari Garden Patiala** on **sealed envelope** shall be received in the respective office on or before 26-08-2025 up to 12-00 Noon. The received tender shall be opened on the same day at 2.00 P.M by the respective institution in the presence of those tenderers /their representative and Maintenance Committee. Before applying for the tender, the tenderer may visit the Campus/Area to have an on the spot survey of the area for knowing the details.

**All the tender forms shall be accompanied with the earnest money of Rs. 2,00,000/- in the shape of Demand Draft in the favor of Convener Baradari Maintenance Committee -cum- Deputy Director Horticulture, Patiala payable at Patiala in separate Envelop.**

The term of contract shall be for 2 years. Unsealed, conditional tender, tender without earnest money, tender not on original prescribed forms & tender received late will not be entertained and rejected out rightly.

The Committee reserves the rights to reject any or all the tenders without assigning any reason.

Terms and conditions accepted and attached

(Tenderer Signature)

Full Address.......................

Convener, Maintenance Committee, Baradari Garden-Cum-Deputy Director Horticulture Patiala

Scanned with OKEN Scanner

## Tender Form Jhulle (Amusement park)

| | |
|---|---|
| Name of contractor with full postal and permanent address | |
| PAN No of Income Tax (Attach Photo Copy) | |
| Aadhar No. (Attach Photo Copy) | |
| Yearly/ Monthly rate quoted | |
| (Amount in figure and in words also) | |
| **Details of earnest money of Rs 2,00,000/- in the shape of Draft** | |
| **BankDraft No.** | |
| **Bank.** | |
| **Date** | |
| **Payable at............** | |

(Tenderer Signature)

I/We have read the instruction given in the tender documents. I/We have understood the contents of the terms & conditions and undertake to abide by the same laid down in these documents.

(Tenderer Signature)
Full Address........................
...........................................
...........................................

Convener, Maintenance Committee, Baradari Garden Cum-Deputy Director Horticulture Patiala

Scanned with OKEN Scanner

# ਟੈਂਡਰ ਦੀਆਂ ਸ਼ਰਤਾ

1) ਬਾਰਾਂਦਰੀ ਬਾਗ ਵਿਖੇ ਬਣੇ ਝੂਲੇ/ਐਮਿਊਜਮੈਂਟ ਪਾਰਕ ਲਈ ਜਗ੍ਹਾ ਨੂੰ 2(ਦੋ) ਸਾਲਾਂ ਲਈ ਕਿਰਾਏ ਤੇ ਦੇਣਾ ਹੈ। ਹਰ ਸਾਲ 10 ਪ੍ਰਤੀਸ਼ਤ ਵਾਧਾ ਕੀਤਾ ਜਾਵੇਗਾ।

2) ਹਰ ਇੱਕ ਟੈਂਡਰ ਦੇਣ ਵਾਲੇ ਨੂੰ 2,00,000/- ਰੁਪਏ ਬਤੌਰ ਸਕਿਓਰਿਟੀ ਬੈਂਕ ਡਰਾਫਟ ਦੀ ਸ਼ਕਲ ਵਿਚ ਦੇਣੀ ਪਵੇਗੀ ਜੋ ਕਿ ਪਟਿਆਲਾ ਵਿਖੇ ਅਦਾਇਗੀ ਯੋਗ ਹੋਵੇਗੀ ਅਤੇ ਕੰਨਵੀਨਰ -ਕਮ- ਉਪ ਡਾਇਰੈਕਟਰ ਬਾਗਬਾਨੀ ਮੇਨਟੀਨੈਸ ਕਮੇਟੀ ਬਾਰਾਂਦਰੀ ਗਾਰਡਨ, ਪਟਿਆਲਾ ਦੇ ਨਾਮ ਤੇ ਹੋਵੇ। ਜਿਹੜਾ ਵਿਅਕਤੀ ਸਭ ਤੋਂ ਵੱਧ ਰਕਮ ਦਾ ਟੈਂਡਰ ਦੇਵੇਗਾ ਉਸ ਦੀ ਸਕਿਓਰਿਟੀ ਰਕਮ ਰੱਖ ਲਈ ਜਾਵੇਗੀ ਅਤੇ ਠੇਕਾ ਖਤਮ ਹੋਣ ਉਪਰੰਤ ਵਾਪਸ ਕਰ ਦਿੱਤੀ ਜਾਵੇਗੀ। ਟੈਡਰ ਦੇਣ ਵਾਲੇ ਨੂੰ 2 (ਦੋ) ਖਾਲੀ ਚੈਕ ਹਸਤਾਖਰ ਕਰਕੇ ਦੇਣਗੇ। ਠੇਕੇ ਦੀ ਸਲਾਨਾ ਰਕਮ 4 ਬਰਾਬਰ ਤਿਮਾਹੀ ਕਿਸ਼ਤਾਂ ਵਿਚ ਅਡਵਾਂਸ ਲਈ ਜਾਵੇਗੀ।

3) ਟੈਂਡਰ ਲੈਣ ਤੋਂ ਬਾਅਦ ਜਿਸ ਦੇ ਨਾਮ ਤੇ ਝੂਲਿਆਂ ਦਾ ਟੈਂਡਰ ਵਿਭਾਗ ਤੋਂ ਲਿਆ ਜਾਵੇਗਾ ਤਾਂ ਕਿਰਇਆ ਭਰਨ ਦੀ ਨਿਰੋਲ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਠੇਕੇਦਾਰ ਵੱਲੋਂ ਕਿਸੇ ਵੀ ਸੂਰਤ ਵਿੱਚ ਟੈਂਡਰ ਸਬਲੈਟ ਨਹੀਂ ਕੀਤਾ ਜਾਵੇਗਾ। ਜੇਕਰ ਠੇਕੇਦਾਰ ਸਮੇਂ ਸਿਰ ਕਿਰਾਇਆ ਨਹੀ ਦਿੰਦਾ ਤਾਂ ਠੇਕਾ ਰੱਦ ਕਰਨ ਦੀ ਵਿਭਾਗੀ ਕਾਰਵਾਈ ਆਰੰਭੀ ਜਾਵੇਗੀ।

4) ਆਮਦਨ ਕਰ ਐਕਟ ਦੇ ਅਨੁਸਾਰ ਹਰ ਟੈਂਡਰ ਕਰਤਾ ਨੂੰ ਆਪਣੇ ਪੈਨ ਨੰਬਰ ਦਾ ਸਬੂਤ ਟੈਂਡਰ ਨਾਲ ਦੇਣਾ ਜਰੂਰੀ ਹੋਵੇਗਾ ਅਤੇ ਸਰਕਾਰ ਦੇ ਨਿਯਮਾਂ ਅਨੁਸਾਰ ਆਮਦਨ ਕਰ ਅਤੇ ਹੋਰ ਕੋਈ ਵੀ ਲਾਗੂ ਟੈਕਸ ਠੇਕੇਦਾਰ ਵਲੋਂ ਦੇਣ ਯੋਗ ਹੋਵੇਗਾ। ਮੇਨਟੀਨੈਸ ਕਮੇਟੀ ਜਾਂ ਨਿਮਨਹਸਤਾਖਰ ਵਲੋਂ ਕੋਈ ਵੀ ਟੈਕਸ ਅਦਾ ਨਹੀਂ ਕੀਤਾ ਜਾਵੇਗਾ।

5) ਟੈਂਡਰ ਕਰਤਾ ਨੂੰ ਝੂਲੇ/ਐਮਿਊਜਮੈਂਟ ਪਾਰਕ ਦਾ ਠੇਕਾ ਲੈਣ ਤੋ ਪਹਿਲਾਂ 500/- ਰੁਪਏ ਦੇ ਸਟੈਂਪ ਪੇਪਰ ਤੇ ਰਜਿਸਟਰਡ ਐਗਰੀਮੈਂਟ ਕਰਨਾ ਪਵੇਗਾ।

6) ਟੈਡਰਕਰਤਾ ਕਿਸੇ ਅਦਾਰੇ ਵਲੋ ਬਲੈਕਲਿਸਟ ਨਾਂ ਹੋਵੇ ਅਤੇ ਕਿਸੇ ਜੁਰਮ ਵਿਚ ਸਜਾ ਨਾ ਹੋਣ ਸਬੰਧੀ ਨੋਟਰੀ ਪਬਲਿਕ ਤੋਂ ਹਲਫੀਆ ਬਿਆਨ ਦੇਵੇਗਾ।

7) ਝੂਲੇ/ਐਮਿਊਜਮੈਂਟ ਪਾਰਕ ਦਾ ਬਿਜਲੀ/ਪਾਣੀ ਅਤੇ ਸਿਵਰੇਜ ਦਾ ਬਿਲ ਠੇਕੇਦਾਰ ਵਲੋਂ ਅਦਾ ਕਰਨ ਯੋਗ ਹੋਵੇਗਾ।

8) ਠੇਕੇਦਾਰ ਝੂਲਿਆਂ ਵਾਲੇ ਸਥਾਨ ਅਤੇ ਆਲੇ- ਦੁਆਲੇ ਦੀ ਸਫਾਈ ਦਾ ਖੁਦ ਜਿੰਮੇਵਾਰ ਹੋਵੇਗਾ ਅਤੇ ਆਪਣਾ ਵੱਖਰਾ ਸਟਾਫ ਰੱਖੇਗਾ।

9) ਝੂਲਿਆਂ ਦੇ ਬਾਹਰ ਪਾਰਕਿੰਗ ਦੀ ਜਿੰਮੇਵਾਰੀ ਵੀ ਠੇਕੇਦਾਰ ਦੀ ਹੀ ਹੋਵੇਗੀ।

10) ਝੂਲਿਆਂ ਦਾ ਠੇਕੇਦਾਰ ਖਾਣ ਪੀਣ ਦਾ ਕੋਈ ਸਮਾਨ ਨਹੀਂ ਵੇਚੇਗਾ।

11) ਟੈਂਡਰ ਕਰਤਾ ਆਪਣੇ ਤੌਰ ਤੇ ਹੀ ਠੇਕਾ ਚਲਾਏਗਾ ਅਤੇ ਠੇਕੇ ਦੀ ਪੂਰੀ ਜਿੰਮੇਵਾਰੀ ਉਸ ਦੀ ਹੋਵੇਗੀ। ਉਹ ਸਰਕਾਰੀ ਪ੍ਰਾਪਰਟੀ ਅਤੇ ਸਟਾਫ ਵਲੋਂ ਚੰਗੇ ਸਲੂਕ ਕਰਨ ਸਬੰਧੀ ਜਿੰਮੇਵਾਰ ਹੋਵੇਗਾ ਅਤੇ ਜੇਕਰ ਕਿਸੇ ਕਾਮੇ ਦੀ ਸਿਕਾਇਤ ਹੋਵੇਗੀ ਤਾਂ ਉਸ ਨੂੰ ਤੁਰੰਤ ਰੀਪਲੇਸ ਕਰੇਗਾ।ਕੰਮ ਵਿਚ ਜੇਕਰ ਠੇਕੇਦਾਰ ਵਲੋਂ ਲਗਾਏ ਗਏ ਕਿਸੇ ਸਟਾਫ ਵਲੋਂ ਕੋਈ ਨੁਕਸਾਨ ਹੋਇਆ ਤਾਂ ਉਸ ਦੀ ਭਰਾਈ ਠੇਕੇਦਾਰ ਕਰੇਗਾ।

12) ਜੇਕਰ ਲਗਾਏ ਗਏ ਸਟਾਫ ਦੀ ਕੰਮ ਕਰਦੇ ਸਮੇਂ ਘਟਨਾ/ਦੁਰਘਟਨਾ ਨਾਲ ਨੁਕਸਾਨ ਹੋ ਜਾਂਦਾ ਹੈ ਤਾਂ ਊਸ ਦੀ ਸਾਰੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ। ਸਫਾਈ ਅਤੇ ਸਕਿਓਰਿਟੀ ਤੇ ਲਗਾਏ ਵਿਅਕਤੀਆਂ ਨੂੰ ਮੇਨਟੀਨੈਸ ਕਮੇਟੀ ਵਲੋਂ ਕੋਈ ਸਮਾਨ ਕੰਮ ਕਰਨ ਲਈ ਨਹੀਂ ਦਿੱਤਾ ਜਾਵੇਗਾ, ਬਲਕਿ ਠੇਕੇਦਾਰ ਦੇਵੇਗਾ।

Scanned with OKEN Scanner

13) ਠੇਕੇਦਾਰ ਝੂਲਿਆਂ ਦੀ ਸਾਂਭ ਸੰਭਾਲ ਅਤੇ ਸੁਰੱਖਿਆ ਦਾ ਖੁਦ ਜਿੰਮੇਵਾਰ ਹੋਵੇਗਾ ਅਤੇ ਯਕੀਨੀ ਬਣਾਵੇਗਾ ਕਿ ਝੂਲੇ ਬੱਚਿਆਂ ਅਤੇ ਆਮ ਪਬਲਿਕ ਲਈ ਸੁਰੱਖਿਅਤ ਹੋਣ। ਕਿਸੇ ਵੀ ਅਣਸੁਖਾਵੀਂ ਦੁਰਘਟਨਾ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਮੇਨਟੀਨੈਂਸ ਕਮੇਟੀ ਅਤੇ ਬਾਗਬਾਨੀ ਵਿਭਾਗ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

14) ਠੇਕੇ ਦੀ ਮਿਆਦ ਖਤਮ ਹੋਣ ਤੇ ਕੰਮ ਨੂੰ ਛੱਡ ਦੇਵੇਗਾ ਅਤੇ 15 ਦਿਨਾਂ ਵਿੱਚ ਜਗ੍ਹਾ ਖਾਲੀ ਕਰ ਦੇਵੇਗਾ।

15) ਕਿਸੇ ਕਿਸਮ ਦਾ ਕੋਈ ਵੀ ਝਗੜਾ ਐਮਿਊਜਮੈਂਟ ਪਾਰਕ ਨਾਲ ਸਬੰਧਿਤ ਹੋਵੇਗਾ ਉਸ ਦਾ ਫੈਸਲਾ ਕਰਨ ਦਾ ਅਧਿਕਾਰ ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ ਮੇਨਟੀਨੈਸ ਕਮੇਟੀ, ਬਾਰਾਂਦਰੀ ਗਾਰਡਨ,ਪਟਿਆਲਾ ਨੂੰ ਹੋਵੇਗਾ ਅਤੇ ਫੈਸਲਾ ਠੇਕਾਦਰ ਨੂੰ ਮੰਨਣਯੋਗ ਹੋਵੇਗਾ ।

16) ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ ਮੇਨਟੀਨੈਸ ਕਮੇਟੀ, ਬਾਰਾਂਦਰੀ ਗਾਰਡਨ,ਪਟਿਆਲਾ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਠੇਕੇਦਾਰ ਵਲੋਂ ਸ਼ਰਤਾਂ ਦੀ ਉਲੰਘਣਾ ਕਰਨ ਕਰਕੇ ਠੇਕਾ ਕਿਸੇ ਸਮੇਂ ਕੈਂਸਲ ਕਰ ਸਕਦੇ ਹਨ, ਜੇਕਰ ਸਰਕਾਰ ਵਲੋਂ ਭਵਿੱਖ ਵਿਚ ਠੇਕਾ ਦੇਣ ਲਈ ਕੋਈ ਹੋਰ ਪਾਲਿਸੀ ਨਿਰਧਾਰਤ ਕੀਤੀ ਗਈ ਤਾਂ ਠੇਕੇਦਾਰ ਵਲੋਂ ਜਮ੍ਹਾਂ ਕਰਵਾਈ ਸਕਿਓਰਿਟੀ ਦੀ ਰਾਸ਼ੀ ਰਿਫੰਡ ਕੀਤੀ ਜਾ ਸਕਦੀ ਹੈ।

17) ਜਿਸ ਠੇਕੇਦਾਰ ਨੂੰ ਪਿਛਲੇ ਸਾਲ ਠੇਕਾ ਠੀਕ ਢੰਗ ਨਾਲ ਨਾ ਚਲਾਉਣ ਕਾਰਣ ਦੋ ਵਾਰ ਜਾਂ ਇਕ ਤੋਂ ਵੱਧ ਵਾਰ ਜੁਰਮਾਨਾ ਕੀਤਾ ਗਿਆ ਹੋਵੇ ਉਹ ਠੇਕੇਦਾਰ ਅਗਲੇ ਸਾਲ ਲਈ ਬੋਲੀ ਦੇਣ ਦਾ ਹੱਕਦਾਰ ਨਹੀਂ ਹੋਵੇਗਾ।

18) ਉਹ ਐਗਰੀਮੈਂਟ ਵਿਚ ਇਹ ਸਪੱਸ਼ਟ ਕਰੇਗਾ ਕਿ ਉਹ ਉਪਰੋਕਤ ਸ਼ਰਤਾਂ ਦੀ ਪਾਲਣਾ ਕਰਨ ਦਾ ਪਾਬੰਦ ਰਹੇਗਾ ਅਤੇ ਜੇਕਰ ਇਨ੍ਹਾਂ ਸ਼ਰਤਾਂ ਦੀ ਉਲੰਘਣਾ ਕੀਤੀ ਗਈ ਤਾਂ ਠੇਕਾ ਕੈਂਸਲ ਹੋਣ ਤੇ ਕੋਈ ਉਜਰ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

19) ਜੇਕਰ ਐਮਿਊਜਮੈਂਟ ਪਾਰਕ ਦੇ ਕੰਮ ਵਿਚ ਕੋਈ ਅਣਗਹਿਲੀ ਕੀਤੀ ਗਈ ਜਾਂ ਨੁਕਸਾਨ ਹੋਇਆ ਤਾਂ ਉਸ ਦਾ ਜੋ ਵੀ ਡਿਪਟੀ ਕਮਿਸ਼ਨਰ ਪਟਿਆਲਾ-ਕਮ-ਚੇਅਰਮੈਨ ਮੇਨਟੀਨੈਸ ਕਮੇਟੀ, ਬਾਰਾਂਦਰੀ ਗਾਰਡਨ,ਪਟਿਆਲਾ, ਫੈਸਲਾ ਕਰਨਗੇ ਉਸ ਦੀ ਪਾਲਣਾ ਠੇਕੇਦਾਰ ਕਰੇਗਾ।

20) ਟੈਂਡਰ ਦੇਣ ਵਾਲਾ ਆਪਣੇ ਕੰਮ ਦਾ ਘੱਟੋ ਘੱਟ ਤਿੰਨ ਸਾਲ ਦਾ ਤਜਰਬਾ ਰੱਖਦਾ ਹੋਵੇ।ਟੈਂਡਰਕਾਰ ਇਸ ਦੀ ਤਸਦੀਕ ਸ਼ੁਦਾ ਕਾਪੀ ਨਾਲ ਦੇਵੇਗਾ।

21) ਟੈਂਡਰ ਫਾਰਮਾਂ ਵਿਚ ਰੇਟ ਅੱਖਰਾਂ ਅਤੇ ਸ਼ਬਦਾਂ ਵਿਚ ਸਾਫ-ਸਾਫ ਭਰੇ ਹੋਣੇ ਚਾਹੀਦੇ ਹਨ ਭਾਵ ਕੋਈ ਕਟਿੰਗ ਨਾਂ ਹੋਵੇ।

22) ਠੇਕੇਦਾਰ ਕਾਮਿਆਂ ਨੂੰ ਮਿਨੀਮਮ ਵੇਜਜ ਐਕਟ, ਈ,ਐਸ,ਆਈ ਅਤੇ ਪ੍ਰਾਵੀਡੈਂਟ ਫੰਡ ਦੇ ਨਿਯਮਾਂ/ਵਿਨਿਯਮਾਂ ਅਨੁਸਾਰ ਅਦਾਇਗੀਆਂ ਕਰੇਗਾ। ਇਨ੍ਹਾਂ ਦੀ ਪਾਲਣਾ ਨਾਂ ਕਰਨ ਸਬੰਧੀ ਇਹ ਕਮੇਟੀ ਜਿੰਮੇਵਾਰ ਨਹੀਂ ਹੋਵੇਗੀ।

23) ਠੇਕੇਦਾਰ ਦੀ ਮੌਤ ਹੋਣ ਦੀ ਸੂਰਤ ਵਿਚ ਉਸ ਦੇ ਲੀਗਲ ਵਾਰਸ ਇੱਛਾ ਅਨੁਸਾਰ ਠੇਕਾ ਚਲਾਉਣਗੇ।ਠੇਕਾ ਅਤੇ ਅਦਾਇਗੀਆਂ ਦੀ ਜਿੰਮੇਵਾਰੀ ਵਾਰਸ ਦੀ ਹੋਵੇਗੀ। ਜੇਕਰ ਲੀਗਲ ਵਾਰਸ ਠੇਕਾ ਚਲਾਉਣ ਵਿਚ ਆਪਣੀ ਅਸਮਰੱਥਾ ਪ੍ਰਗਟਾਉਣਗੇ ਤਾਂ ਠੇਕਾ ਰੱਦ ਕਰ ਦਿੱਤਾ ਜਾਵੇਗਾ।

24) ਜੇਕਰ ਠੇਕੇਦਾਰ ਠੇਕਾ ਮਿਡ ਸਟਰੀਮ ਛੱਡ ਜਾਂਦਾ ਹੈ ਤਾਂ ਮੇਨਟੀਨੈਸ ਕਮੇਟੀ ਠੇਕੇਦਾਰ ਦੀ ਸਕਿਓਰਿਟੀ ਜਬਤ ਕਰਨ ਲਈ ਸੁਤੰਤਰ ਹੋਵੇਗੀ।

25) ਜੇਕਰ ਠੇਕੇਦਾਰ ਸਮੇਂ ਸਿਰ ਕਿਸ਼ਤ ਅਦਾ ਨਹੀਂ ਕਰਦਾ ਤਾਂ ਉਸ ਦਾ ਠੇਕਾ ਰੱਦ ਕਰਨ ਲਈ ਵਿਚਾਰਿਆ ਜਾਵੇਗਾ।

Scanned with OKEN Scanner

26) ਜਿਹੜਾ ਆਊਟ ਸੋਰਸ ਦਾ ਸਟਾਫ ਠੇਕੇਦਾਰ ਵਲੋਂ ਰੱਖਿਆ ਜਾਵੇਗਾ ਉਨ੍ਹਾਂ ਦੀ ਤਨਖਾਹ ਅਤੇ ਵਰਦੀਆਂ ਆਦਿ ਦੀ ਜਿੰਮੇਵਾਰੀ ਠੇਕੇਦਾਰ ਦੀ ਆਪਣੀ ਹੋਵੇਗੀ। ਮੇਨਟੀਨੈਸ ਕਮੇਟੀ ਉਨ੍ਹਾਂ ਦੀ ਤਨਖਾਹ ਅਤੇ ਵਰਦੀਆਂ, ਫੰਡਾਂ ਆਦਿ ਲਈ ਕਿਸੇ ਤਰ੍ਹਾਂ ਜਿੰਮੇਵਾਰ ਨਹੀਂ ਹੋਵੇਗੀ।

27) ਉਪਰੋਕਤ ਤੋਂ ਇਲਾਵਾ ਕੋਈ ਵੀ ਹਦਾਇਤਾਂ ਯਾ ਹੁਕਮ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੇ ਜਾਂਦੇ ਹਨ ਉਨ੍ਹਾਂ ਦੀ ਪਾਲਣਾ ਦਾ ਠੇਕੇਦਾਰ ਪਾਬੰਦ ਹੋਵੇਗਾ।

28) ਜੇ ਠੇਕੇਦਾਰ ਸਮੇਂ ਦੌਰਾਨ ਡਿਫਾਲਟਰ ਹੁੰਦਾ ਹੈ ਤਾਂ ਬਕਾਇਆ ਰਕਮ ਉਪਰ ਪ੍ਰਤੀ ਮਹੀਨਾ 12% ਵਿਆਜ ਲੱਗਣਯੋਗ ਹੋਵੇਗਾ।

Convener
Baradari Maintance Committee
Patiala.

Scanned with OKEN Scanner